**ਪੰਜਾਬ ਰਾਜ ਬੀਜ ਨਿਗਮ ਲਿਮਟਿਡ**
**ਖੇਤੀ ਭਵਨ,ਚੌਥੀ ਮੰਜ਼ਿਲ, ਫੇਸ-6,ਐਸ.ਏ.ਐਸ.ਨਗਰ, ਮੋਹਾਲੀ**
**ਟੈਲੀਫੋਨ ਨੰ. 0172- 2970592**

ਪੰਜਾਬ ਰਾਜ ਬੀਜ ਨਿਗਮ,ਮੋਹਾਲੀ ਵੱਲੋਂ ਖੇਤਰੀ ਦਫਤਰਾਂ ਲਈ ਇੱਕ ਖੇਤਰੀ ਪ੍ਰਬੰਧਕ ਦੀ ਅਸਾਮੀ ਰੈਗੂਲਰ ਤੌਰ ਤੇ ਭਰਤੀ ਕੀਤੀ ਜਾਣੀ ਹੈ।

| ਲੜੀ ਨੰ. | ਅਸਾਮੀ ਦਾ ਨਾਂ | ਅਸਾਮੀ ਦੀ ਗਿਣਤੀ। | ਯੋਗਤਾ | ਉਮਰ 1.1.2024 ਨੂੰ | ਵੇਤਨਮਾਨ |
|---|---|---|---|---|---|
| 1. | ਖੇਤਰੀ ਪ੍ਰਬੰਧਕ | 1 | ਐਮ.ਐਸ.ਸੀ. (ਖੇਤੀਬਾੜੀ) ਦੂਜੇ ਦਰਜੇ ਵਿੱਚ ਪਾਸ ਹੋਣਾ ਚਾਹੀਦਾ ਹੈ। | 18-37 ਸਾਲ ਰਾਖਵੀਂ ਸ੍ਰੈਣੀ ਦੇ ਉਮੀਦਵਾਰ ਲਈ ਪੰਜ ਸਾਲ ਦੀ ਉਮਰ ਵਿੱਚ ਛੋਟ। | ਸ਼ੁਰੂਆਤੀ ਤਨਖਾਹ Rs. 67,400/- ਪ੍ਰਤੀ ਮਹੀਨਾ |

**ਨੋਟ:**

1. ਅਸਾਮੀ ਨਰੋਲ ਮੈਰਿਟ ਦੇ ਅਧਾਰ ਤੇ ਭਰੀ ਜਾਵੇਗੀ। ਇੱਕ ਅਸਾਮੀ ਹੋਣ ਕਾਰਨ ਇਸ ਅਸਾਮੀ ਦਾ ਕੋਈ ਵੀ ਰਾਖਵਾਂਕਰਨ ਨਹੀਂ ਹੋਵੇਗਾ।
2. ਅਸਾਮੀ ਦੀ ਨਿਯੁਕਤੀ ਲਿਖਤੀ ਪੇਪਰ ਵਿਚੋਂ ਪ੍ਰਾਪਤ ਕੀਤੇ ਅੰਕ, ਵਿਦਿਅਕ ਯੋਗਤਾ ਵਿੱਚ ਪ੍ਰਾਪਤ ਕੀਤੇ ਅੰਕ,ਬੀਜ ਇੰਡਸਟਰੀਜ਼ ਦੇ ਤਜਰਬੇ ਦੇ ਅੰਕ ਅਤੇ ਇੰਟਰਵਿਊ ਵਿੱਚ ਪ੍ਰਾਪਤ ਕੀਤੇ ਅੰਕਾਂ ਦੇ ਅਧਾਰ ਤੇ ਕੀਤੀ ਜਾਵੇਗੀ।
3. ਲਿਖਤੀ ਪੇਪਰ 200 ਨੰਬਰ ਦਾ ਬਹੁਚੋਣ (MCQ) ਕਿਸਮ ਅਤੇ OMR ਸ਼ੀਟ ਤੇ ਹੋਵੇਗਾ। ਗਲਤ ਉੱਤਰ ਦੇ 1/4 ਅੰਕ ਕੱਟੇ ਜਾਣਗੇ। ਲਿਖਤੀ ਪੇਪਰ General Knowledge, Current Affairs, Logical Reasoning, Mental Ability, Knowledge about Agriculture, Seed production & Storage practices and quantitative aptitude ਦਾ ਹੋਵੇਗਾ ਅਤੇ ਟੈਸਟ ਦੋ ਘੰਟੇ ਦਾ ਅਤੇ ਅੰਗਰੇਜੀ ਭਾਸ਼ਾ ਵਿੱਚ ਹੋਵੇਗਾ। ਲਿਖਤੀ ਪੇਪਰ ਮਿਤੀ 28.04.2024 ਨੂੰ ਹੋਵੇਗਾ। ਪੇਪਰ ਲਈ ਸਥਾਨ ਅਤੇ ਸਮਾਂ ਬਾਅਦ ਵਿੱਚ ਦੱਸਿਆ ਜਾਵੇਗਾ
4. ਉਮੀਦਵਾਰ ਵੱਲੋਂ ਮੈਟ੍ਰਿਕ ਜਾਂ ਉਸ ਦੇ ਬਰਾਬਰ ਪੱਧਰ ਤੇ ਪੰਜਾਬੀ ਪਾਸ ਹੋਣਾ ਜਰੂਰੀ ਹੈ। ਉਮੀਦਵਾਰ ਵੱਲੋਂ ਆਪਣੀ ਅਰਜੀ ਨਾਲ ਵਿਦਿਅਕ ਯੋਗਤਾਵਾਂ ਅਤੇ ਤਜਰਬੇ ਦੇ ਸਵੈ-ਤਸਦੀਕ ਕੀਤੇ ਸਰਟੀਫਕੇਟ ਨਾਲ ਲਾਉਣਾ ਲਾਜ਼ਮੀ ਹੈ। ਕਿਸੇ ਸਰਕਾਰੀ ਜਾਂ ਅਰਧ ਸਰਕਾਰੀ ਅਦਾਰੇ ਤੋਂ ਕਿਸੇ ਸਜ਼ਾ ਕਰਕੇ ਡਿਸਮਿਸ ਜਾਂ ਕੱਢੇ ਗਏ ਉਮੀਦਵਾਰ ਨੂੰ ਇਸ ਅਸਾਮੀ ਲਈ ਵਿਚਾਰਿਆ ਨਹੀਂ ਜਾਵੇਗਾ।
5. ਉਮੀਦਵਾਰ ਨੂੰ ਬੀਜ ਇੰਡਸਟਰੀ ਵਿੱਚ ਘੱਟੋ ਘੱਟ 5 ਸਾਲ ਦਾ ਤਜਰਬਾ ਹੋਣਾ ਲਾਜ਼ਮੀ ਹੈ।
6. ਯੋਗ ਉਮੀਦਵਾਰ ਪੰਜਾਬ ਰਾਜ ਬੀਜ ਨਿਗਮ ਖੇਤੀ ਭਵਨ,ਚੌਥੀ ਮੰਜ਼ਿਲ, ਫੇਸ-6,ਐਸ.ਏ.ਐਸ.ਨਗਰ, ਮੋਹਾਲੀ ਦੇ ਨਾਂ ਤੇ ਅਦਾਇਗੀ ਯੋਗ 1000/- ਰੁਪਏ ਦੀ ਰਕਮ ਦਾ ਬੈਂਕ ਡਰਾਫਟ (250/-ਰੁਪਏ ਰਾਖਵੀਂ ਸ੍ਰੈਣੀ ਲਈ) ਬਣਾ ਕੇ ਆਪਣੀ ਅਰਜੀ ਜਿਸ ਵਿੱਚ ਉਮੀਦਵਾਰ ਦਾ ਨਾਂ /ਪਿਤਾ ਦਾ ਨਾਂ/ ਪੱਕਾ ਘਰੇਲੂ ਪਤਾ/ਪੱਤਰ ਵਿਹਾਰ ਲਈ ਪਤਾ,ਜਨਮ ਮਿਤੀ/ਵਿਦਿਅਕ ਯੋਗਤਾ/ ਦਸਵੀਂ ਜਾਂ ਬਾਰ੍ਹਵੀਂ ਤੱਕ ਪੰਜਾਬੀ ਪਾਸ ਹੋਣ ਦੇ ਸਬੂਤ ਦੇ ਨਾਲ ਦੋ ਪਾਸਪੋਰਟ ਸਾਈਜ਼ ਦੀਆਂ ਫੋਟੋਗ੍ਰਾਫ ਨੱਥੀ ਕਰਦੇ ਹੋਏ, ਉਪਰੋਕਤ ਪਤੇ ਤੇ ਮਿਤੀ 28.03.2024 ਤੱਕ ਭੇਜਣ।
7. ਮਿਤੀ 28.3.2024 ਤੋਂ ਬਾਅਦ ਪ੍ਰਾਪਤ ਹੋਈਆਂ ਅਰਜੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਦੱਸੇ ਰੱਦ ਕਰ ਦਿੱਤੀਆਂ ਜਾਣਗੀਆਂ।
8 ਨਿਯੁਕਤੀ ਕੀਤੇ ਉਮੀਦਵਾਰ ਨੂੰ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਤਿੰਨ ਸਾਲ ਲਈ ਸ਼ੁਰੂਆਤੀ ਤਨਖਾਹ ਦਿੱਤੀ ਜਾਵੇਗੀ ਅਤੇ ਪ੍ਰੋਬੇਸ਼ਨ ਸਮਾਂ ਪੂਰਾ ਹੋਣ ਉਪਰੰਤ ਬਣਦਾ ਪੇ ਸਕੇਲ ਅਨੁਸਾਰ ਤਨਖਾਹ ਦਿੱਤੀ ਜਾਵੇਗੀ ।

ਵਿਸਤ੍ਰਿਤ ਜਾਣਕਾਰੀ ਲਈ ਲਾਗ-ਇਨ ਕਰੋ:- www.punseed.com , ਫੋਨ. ਨੰ. 0172- 2970592

*ਨੋਟ:- ਰਿਕਰੂਟਮੇਂਟ ਨੋਟਿਸ ਸੰਬੰਧੀ ਕੋਈ ਸੋਧ ਸਿਰਫ ਉਪਰੋਕਤ ਵੈੱਬਸਾਈਟ ਤੇ ਹੀ ਦਿੱਤੀ ਜਾਵੇਗੀ।*

**ਮੈਨੇਜਿੰਗ ਡਾਇਰੈਕਟਰ**